**ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ**
**ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)**
ਐਸ.ਸ਼ੀ.ਓ. ਨੰ: 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ - 34 ਏ, ਚੰਡੀਗੜ੍ਹ

| ਟੈਲੀਫੋਨ | ਫੈਕਸ | ਈ-ਮੇਲ |
|---|---|---|
| 2621104 | 2624687 | ssa.punjab@yahoo.co.in |
| 2621106 | 2623206 | ssa.punjab_egs@yahoo.co.in |
| 2623207 | | egspunjab@gmail.com |


ਵੱਲ:

1) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
2) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ)
ਪੰਜਾਬ।

ਮੀਮੋ ਨੰ: SSA/EGS/AIE/OoSC/2009-10/23728-23767
ਮਿੱਤੀ ਚੰਡੀਗੜ੍ਹ: 03-02-2010

**ਵਿਸ਼ਾ:- ਸਾਲ 2009-10 ਦੌਂਰਾਨ ਏ.ਆਈ.ਈ ਕੇਂਦਰਾਂ ਵਿੱਚ ਪੜਾਏ ਬੱਚਿਆਂ ਨੂੰ ਮਿਤੀ: 1-04-10 ਤੋਂ ਫਾਰਮਲ ਸਕੂਲ ਸਿਸਟਮ ਵਿਚ ਦਾਖਲ/ਮੇਨਸਟਰੀਮ ਕਰਵਾਉਣ ਲਈ ਦਿਸ਼ਾ ਨਿਰਦੇਸ਼।**

**1.0** ਉਪਰੋਕਤ ਵਿਸ਼ੇ ਤੇ ਇਸ ਦਫ਼ਤਰ ਵਲੋਂ ਸਮੇਂ-ਸਮੇਂ ਤੇ ਪੂਰਵ ਜਾਰੀ ਕੀਤੇ ਪੱਤਰਾਂ ਅਤੇ ਮਹੀਨਾਵਾਰ ਰੀਵਿਉ ਮੀਟਿੰਗਾਂ ਦੋਰਾਨ ਹੋਏ ਫੈਸਲਿਆਂ ਦੀ ਲਗਾਤਾਰਤਾ ਵਿਚ।

**2.0** ਜਿਵੇ ਕਿ ਆਪ ਨੂੰ ਪਤਾ ਹੀ ਹੈ ਕਿ ਰਾਜ ਦੇ ਸਮੂਹ ਏ.ਆਈ.ਈ ਕੇਂਦਰਾਂ ਨੂੰ ਮਿਤੀ: 31-03-10 ਤੋਂ ਬੰਦ ਕਰਕੇ ਇਹਨਾਂ ਕੇਂਦਰਾਂ ਵਿਚ ਪੜ੍ਹਦੇ ਬੱਚਿਆਂ ਨੂੰ ਨੇੜੇ ਲਗਦੇ ਸਰਕਾਰੀ ਸਕੂਲਾਂ ਵਿਚ ਮੇਨਸਟਰੀਮ ਕਰਵਾਉਣਾ ਲਾਜਮੀ ਹੋਵੇਗਾ।

**3.0** ਮੇਨਸਟਰੀਮ ਕਰਵਾਏ ਜਾਣ ਵਾਲੇ ਬੱਚਿਆਂ ਤੋਂ ਕੋਈ ਵੀ ਫੀਸ ਜਾ ਫੰਡ ਦੀ ਮੰਗ ਨਾ ਕੀਤੀ ਜਾਵੇ।

**4.0** ਇਹਨਾਂ ਬੱਚਿਆਂ ਦੀ ਉਮਰ ਸਬੰਧੀ ਕਿਸੇ ਵੀ ਮਾਤਾ-ਪਿਤਾ ਨੂੰ ਬੱਚੇ ਦਾ ਜਨਮ ਮਿਤੀ ਸਬੰਧੀ ਸਰਟੀਫੀਕੇਟ/ਹਲਫੀਆ ਬਿਆਨ ਦੇਣ ਲਈ ਮਜਬੂਰ ਨਾ ਕੀਤਾ ਜਾਵੇ। ਜੇਕਰ ਉਹ ਸਾਧਾਰਨ ਕਾਗਜ ਤੇ ਵੀ ਲਿਖ ਕੇ ਦੇ ਦੇਣ ਤਾਂ ਉਸ ਅਨੁਸਾਰ ਜਨਮ ਮਿਤੀ ਮੰਨ ਲਈ ਜਾਵੇ।

**5.0** ਏ.ਆਈ.ਈ ਵਲੰਟੀਅਰ ਦਾ 25% ਮਿਹਨਤਾਨਾ ਜੋ ਵਿਭਾਗ ਵਲੋਂ ਜਾਰੀ ਕੀਤੇ ਦਿਸ਼ਾ ਨਿਰਦੇਸ਼ ਅਨੁਸਾਰ ਸਮੂਹ ਜ਼ਿਲਿਆ ਵਲੋਂ ਰੱਖਿਆ ਗਿਆ ਹੈ ਉਸ ਰਾਸ਼ੀ ਨੂੰ ਵਲੰਟੀਅਰ ਵਲੋਂ ਪੜਾਏ ਸਮੂਹ ਬੱਚਿਆਂ ਨੂੰ ਫਾਰਮਲ ਸਕੂਲ ਵਿਚ ਮੇਨਸਟਰੀਮ ਕਰਵਾਉਣ ਉਪਰੰਤ ਅਤੇ ਬੀ.ਆਰ.ਪੀਜ਼ ਰਾਹੀਂ ਉਹਨਾ ਦੀ ਫਿਜ਼ੀਕਲ ਵੈਰੀਫਿਕੇਸ਼ਨ ਕਰਣ ਉਪਰੰਤ ਹੀ ਜਾਰੀ ਕੀਤਾ ਜਾਵੇ।

**6.0** ਸਮੂਹ ਏ.ਆਈ.ਈ ਕੇਂਦਰਾਂ ਦਾ ਰਿਕਾਰਡ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਦਫ਼ਤਰ ਤੇ ਇਕੱਠਾ ਕਰ ਲਿਆ ਜਾਵੇ ਤਾਂ ਕਿ ਲੋੜ ਪੈਣ ਸਮੇਂ ਇਸ ਰਿਕਾਰਡ ਦੀ ਯੋਗ ਵਰਤੋਂ ਕੀਤੀ ਜਾ ਸਕੇ।

**7.0** $6^{+}$-7 ਆਯੂ ਗੁਟ ਦੇ ਸਿਧੇ ਸਰਕਾਰੀ ਸਕੂਲਾਂ ਵਿਚ ਦਾਖਲ ਕੀਤੇ ਅਤੇ $7^{+}$-14 ਤੋਂ ਆਯੂ ਗੁਟ ਦੇ ਬੱਚਿਆਂ ਨੂੰ ਫਾਰਮਲ ਸਕੂਲ ਸਿਸਟਮ ਵਿਚ ਦਾਖਲ ਕਰਵਾਉਣ ਉਪਰੰਤ ਮੁਕੰਮਲ ਬਿਊਰਾ ਨਾਲ ਨੱਥੀ ਪ੍ਰੋਫਾਰਮੇ ਅਨੁਸਾਰ ਇਸ ਦਫ਼ਤਰ ਨੂੰ ਮਈ 2010 ਦੀ ਰੀਵਿਊ ਮੀਟਿੰਗ ਦੋਰਾਨ ਜਾ ਇਸ ਤੋਂ ਪਹਿਲਾ ਸਾਫਟ ਅਤੇ ਹਾਰਡ ਕਾਪੀ ਦੇ ਰੂਪ ਵਿਚ ਉਪਲੱਬਧ ਕਰਵਾਇਆ ਜਾਵੇ।

**8.0** ਇਹ ਵੀ ਧਿਆਨ ਰੱਖਿਆ ਜਾਵੇ ਕਿ ਇਹਨਾਂ ਬਚਿਆਂ ਦਾ ਚਾਇਲਡ ਟਰੈਕਿੰਗ ਸਿਸਟਮ (CTC) ਵਿਚ ਸਟੇਟਸ ਸਮੇਤ ਫੋਟੋ ਗ੍ਰਾਫ ਅਪਡੇਟ ਕਰ ਲਿਆ ਜਾਵੇ।

**9.0** ਸੈਸ਼ਨ ਦੋਰਾਨ ਮਾਈਗ੍ਰੇਟ ਹੋ ਕੇ ਦੂਜੇ ਰਾਜਾਂ ਵਿਚ ਜੋ ਬੱਚੇ ਜਾ ਚੁੱਕੇ ਹਨ ਉਹਨਾਂ ਦਾ ਮਾਈਗ੍ਰੇਸ਼ਨ ਸਬੰਧੀ ਸਮੂਹ ਰਿਕਾਰਡ/ਲਿਸਟਾ ਵੀ ਇਸ ਦਫ਼ਤਰ ਨੂੰ ਉਪਲੱਬਧ ਕਰਵਾਈਆਂ ਜਾਣ ਤਾਂ ਕੇ ਮਾਈਗ੍ਰੇਟ ਹੋ ਕੇ ਗਏ ਸਮੂਹ ਬੱਚਿਆਂ ਬਾਰੇ ਸਬੰਧਤ ਰਾਜ ਸਰਕਾਰਾਂ ਨੂੰ ਸੂਚਿਤ ਕੀਤਾ ਜਾ ਸਕੇ।

**10.0** ਹੁਕਮਾਂ ਦੀ ਇੰਨ ਬਿੰਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

-ਸਹੀ-
**ਸਟੇਟ ਪ੍ਰੋਜੈਕਟ ਡਾਇਰੈਕਟਰ**
**ਐਸ.ਐਸ.ਏ, ਪੰਜਾਬ**

# ਏ.ਆਈ.ਈ ਕੇਂਦਰਾਂ ਦੇ ਬੱਚਿਆਂ ਨੂੰ ਮੇਨਸਟਰੀਮ ਕਰਾਉਣ ਲਈ ਪ੍ਰੋਫਾਰਮਾ

| ਲੜੀ ਨੰ: | ਏ.ਆਈ.ਈ ਕੇਂਦਰ ਦਾ ਨਾਂ ਜ਼ਿਥੇ ਬੱਚਾ ਪੜ੍ਹ ਰਿਹਾ ਹੈ। | ਬਲਾਕ ਦਾ ਨਾਂ ਜ਼ਿਥੇ ਏ.ਆਈ.ਈ ਕੇਂਦਰ ਹੈ। | ਬੱਚੇ ਦਾ ਨਾਂ | ਪਿਤਾ ਦਾ ਨਾਂ | ਬੱਚੇ ਦੀ ਜਨਮ ਮਿਤੀ | ਸਕੂਲ ਦਾ ਨਾਂ ਜਿਥੇ ਬੱਚੇ ਨੂੰ ਦਾਖਲ ਕਰਵਾਇਆ ਗਿਆ ਹੈ। | ਬੱਚੇ ਨੂੰ ਕਿਸ ਜਮਾਤ ਵਿਚ ਦਾਖਲ ਕਰਵਾਇਆ ਗਿਆ ਹੈ। | ਬੱਚੇ ਦਾ ਦਾਖਲਾ ਨੰ | ਦਾਖਲੇ ਦੀ ਮਿਤੀ | ਸਕੂਲ ਵਿਚ ਟੀਚਰ ਇੰਚਾਰਜ ਦਾ ਨਾਂ | ਸਕੂਲ ਅਧਿਆਪਕ ਦੇ ਹਸਤਾਖਰ |
|---|---|---|---|---|---|---|---|---|---|---|---|
| 1 | | | | | | | | | | | |
| 2 | | | | | | | | | | | |
| 3 | | | | | | | | | | | |
| 4 | | | | | | | | | | | |
| 5 | | | | | | | | | | | |
| 6 | | | | | | | | | | | |
| 7 | | | | | | | | | | | |
| 8 | | | | | | | | | | | |
| 9 | | | | | | | | | | | |
| 10 | | | | | | | | | | | |
| 11 | | | | | | | | | | | |
| 12 | | | | | | | | | | | |
| 13 | | | | | | | | | | | |
| 14 | | | | | | | | | | | |
| 15 | | | | | | | | | | | |

.........................................

ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਦੇ ਹਸਤਾਖਰ